# ਮਾਡਲ ਟੈਸਟ ਪੇਪਰ

## ਵਿਸ਼ਾ-ਸੰਗੀਤ(ਤਬਲਾ)

## ਸ਼੍ਰੇਣੀ - ਬਾਰ੍ਹਵੀਂ

## (ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀ)

ਸੈਸ਼ਨ - 2024-25

**ਸਮਾਂ-3 ਘੰਟੇ** **ਕੁੱਲ ਅੰਕ-45**

### ਭਾਗ - ੳ

**1 ਤੋਂ 4 ਤੱਕ ਵਸਤੂਨਿਸ਼ਠ ਪ੍ਰਸ਼ਨ, 5 ਤੋਂ 8 ਖਾਲੀ ਥਾਵਾਂ,9 ਤੋਂ 11 ਸਹੀ/ਗ਼ਲਤ, 12 ਤੋਂ 14 ਤੱਕ ਬਹੁ-ਭਾਂਤਿ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ।**

(ੳ) ਵਸਤੂਨਿਸ਼ਠ ਪ੍ਰਸ਼ਨ(ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ)

1. ਪਹਿਲਾਂ ਉਠਾਨ ਕਿਸ ਲੈਅ ਵਿੱਚ ਵੱਜਦੀ ਹੈ?
2. ਪੇਸ਼ਕਾਰ ਕਿਸ ਲੈਅ ਵਿੱਚ ਵੱਜਦੀ ਹੈ?
3. ਪੰਜਾਬੀ ਤਾਲ ਵਿੱਚ ਕੀ ਵਜਾਏ ਜਾਂਦੇ ਹਨ?
4. ਰੂਪਕ ਤਾਲ ਦੀ ਕਿਹੜੀ ਮਾਤਰਾ ਤੇ ਤਾਲੀ ਲੱਗਦੀ ਹੈ? (4x2=8)

(ਖ) ਖਾਲੀ ਥਾਵਾਂ

5. ਪੇਸ਼ਕਾਰ ਦਾ ਅਰਥ ਹੈ _______
6. ਪਰਨ ______ ਆਵਰਤਨ ਦੀ ਹੁੰਦੀ ਹੈ।
7. ਦੀਪਚੰਦੀ ਤਾਲ ਦੇ ਬੋਲ ________ ਹੁੰਦੇ ਹਨ।
8. ਪੰਜਾਬੀ ਤਾਲ ਵਿੱਚ _____ ਵਜਾਏ ਜਾਂਦੇ ਹਨ। (4x2=8)

(ਗ) ਸਹੀ/ਗ਼ਲਤ

9. ਪੇਸ਼ਕਾਰ ਦਾ ਅਰਥ ਹੁੰਦਾ ਹੈ ਉੱਠਣਾ।
10. ਉਠਾਨ ਨੂੰ ਸਿਤਾਰ ਤੇ ਵਜਾਇਆ ਜਾਂਦਾ ਹੈ।
11. ਪੰਜਾਬੀ ਤਾਲ ਸਿਰਫ ਪੰਜਾਬ ਦੀ ਤਾਲ ਹੈ। (3x2=6)

(ਘ) ਬਹੁ-ਭਾਂਤੀ ਪ੍ਰਸ਼ਨ

12. ਪੇਸ਼ਕਾਰੀ ਕਿਸ ਭਾਸ਼ਾ ਦਾ ਸ਼ਬਦ ਹੈ?

1. ਹਿੰਦੀ 2.ਅੰਗਰੇਜ਼ੀ 3. ਪੰਜਾਬੀ 4. ਫ਼ਾਰਸੀ

13. ਨਗਮੇ ਦਾ ਅਰਥ ਹੈ......

1. ਸੰਗੀਤ 2. ਗੀਤ 3. ਲੋਕਗੀਤ 4. ਖਿਆਲ

14. ਝੱਪਤਾਲ ਦੀ ਤਾਲੀ…

1. 1,2,3 2. 1,3,8 3. 5,6,4 4. 5,8,9

(3x2=6)

### ਭਾਗ - ਅ

**15 ਤੋਂ 19 ਤੱਕ 5 ਸੰਖੇਪਾਤਮਕ ਪ੍ਰਸ਼ਨ ਪੁੱਛੇ ਜਾਣਗੇ। ਜਿਨ੍ਹਾਂ ਵਿੱਚੋਂ ਕੋਈ 3 ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 3-5 ਵਾਕਾਂ ਵਿੱਚ ਹੋਣਾ ਚਾਹੀਦਾ ਹੈ।**

15. ਪੇਸ਼ਕਾਰ ਬਾਰੇ ਸੰਖੇਪ ਵਿੱਚ ਲਿਖੋ।
16. ਦੁੱਪਲੀ ਬਾਰੇ ਲਿਖੋ।
17. ਤਿਪੱਲੀ ਬਾਰੇ ਲਿਖੋ।
18. ਇੱਕਤਾਲ ਬਾਰੇ ਲਿਖੋ।
19. ਝੱਪਤਾਲ ਦਾ ਪਰਿਚੈ ਲਿਖੋ।

(3x3 = 9)

### ਭਾਗ – ੲ

**20 ਤੋਂ 23 ਤੱਕ 4 ਨਿਬੰਧਾਤਮਕ ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿੱਚੋਂ 2 ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 5-7 ਵਾਕਾਂ ਵਿੱਚ ਹੋਣਾ ਚਾਹੀਦਾ ਹੈ।**

20. ਪੰਡਿਤ ਸਮਤਾ ਪ੍ਰਸਾਦ ਜੀ ਦੇ ਜੀਵਨ ਤੇ ਚਾਨਣਾ ਪਾਓ।
21. ਉਸਤਾਦ ਜ਼ਾਕਿਰ ਹੁਸੈਨ ਜੀ ਦਾ ਜੀਵਨ ਪਰਿਚੈ ਲਿਖੋ।
22. ਰੂਪਕ ਤਾਲ ਨੂੰ ਇੱਕਗੁਣ ਅਤੇਂ ਦੁਗੁਣ ਦੀ ਲੈਅਕਾਰੀ ਵਿੱਚ ਲਿਖੋ।
23. ਝੱਪਤਾਲ ਨੂੰ ਇੱਕਗੁਣ ਅਤੇ ਦੁਗੁਣ ਦੀ ਲੈਅਕਾਰੀ ਵਿੱਚ ਲਿਖੋ।

(2x4=8)